© IJARHS June 2025, Volume 4, Issue 1 ISSN: 2957-8671 (Online)

International Journal of Advanced Research & Higher Studies (IJARHS)

# ਕਬੀਰ ਬਾਣੀ : ਸਮਕਾਲੀ ਰਾਜਨੀਤਿਕ ਪ੍ਰਸਥਿਤੀਆਂ ਵਿੱਚ ਪ੍ਰਸੰਗਿਕਤਾ

ਡਾ. ਗੁਰਜੀਤ ਸਿੰਘ, ਐਸੋਸੀਏਟ ਪ੍ਰੋਫੈਸਰ,
ਮੁਖੀ ਧਰਮ ਅਧਿਐਨ ਵਿਭਾਗ ਅਤੇ ਭਾਈ ਮਰਦਾਨਾ ਜੀ ਚੇਅਰ
ਫੈਕਲਟੀ ਆਫ਼ ਸਾਇੰਸਜ਼ ਹਿਊਮਨਿਟੀਜ਼ ਅਤੇ ਲੈਂਗੂਏਜਜ
ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ।

ਅਜੋਕੇ ਸਮੇਂ ਵਿੱਚ ਮਾਨਵਤਾ ਸਾਹਮਣੇ ਸਭ ਤੋਂ ਮਹੱਤਵਪੂਰਨ ਟੀਚਾ ਸੱਚ ਨੂੰ ਸਮਝਣ ਤੇ ਸਮਝਾਉਣ ਦਾ ਹੈ। ਮਨੁੱਖ ਹਰ ਪੱਖ ਤੋਂ ਸ਼ੋਸ਼ਣ ਦਾ ਸ਼ਿਕਾਰ ਹੈ। ਸ਼ਾਤਿਰ ਅਨਸਰ ਆਪਣੀ ਸਹੂਲਤ ਲਈ ਬੁਰੇ ਤੋਂ ਬੁਰਾ ਕਾਰਜ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਮਨੁੱਖ ਦੀ ਸੁੱਖ ਸ਼ਾਂਤੀ ਉਸ ਤੋਂ ਦਿਨ-ਬ-ਦਿਨ ਖੋਹੀ ਜਾ ਰਹੀ ਹੈ ਤੇ ਉਸਦੇ ਆਪਣੇ ਰਾਖੇ ਹੀ ਉਸਦਾ ਖ਼ੂਨ ਚੂਸ ਰਹੇ ਹਨ। ਪੂੰਜੀਵਾਦੀ ਲੋਕਾਂ ਦੀ ਚੰਗੀ ਸੋਚ ਨੂੰ ਨਿਘਾਰ ਵੱਲ ਧੱਕ ਦਿੰਦਾ ਹੈ। ਅਜੋਕਾ ਮਨੁੱਖ ਆਪਣੀ ਨੈਤਿਕ ਗਿਰਾਵਟ ਕਾਰਨ ਮਾਨਵੀ ਮੁੱਲਾਂ ਦੀ ਭਾਲ ਵਿੱਚ ਹੈ। ਮਨੁੱਖ ਨੂੰ ਸੁਚਾਰੂ ਸੇਧ ਦੇਣ ਲਈ ਕਬੀਰ ਬਾਣੀ ਬੜੀ ਮਹੱਤਤਾ ਰੱਖਦੀ ਹੈ।

ਸ਼ਾਤਿਰ ਲੋਕ ਜਨਤਾ ਨੂੰ ਜਜ਼ਬਾਤੀ ਤੇ ਬੌਧਿਕ ਤੌਰਤੇ ਮਾਨਸਿਕਤਾ ਨੂੰ ਖੁੰਢਾ ਕਰਕੇ ਸੱਤਾ ਉੱਤੇ ਕਾਬਜ ਹੁੰਦੇ ਹਨ ਅਤੇ ਸਮਾਜ ਦਾ ਘਾਣ ਕਰਦੇ ਹਨ। ਭਗਤ ਕਬੀਰ ਜੀ ਬਾਣੀ ਲੁੱਟੇ ਜਾ ਰਹੇ ਲੋਕਾਂ ਦੀ ਪੀੜਾਂ ਨੂੰ ਬਿਆਨ ਕਰਦੀ ਹੈ। ਭਗਤ ਕਬੀਰ ਜੀ ਸੱਤਾ ਪ੍ਰਬੰਧ ਦੀਆਂ ਜੜ੍ਹਾਂ ਨੂੰ ਭਲੀਭਾਂਤ ਜਾਣਦੇ ਹਨ। ਉਨ੍ਹਾਂ ਨੇ ਸਮਾਜ ਨੂੰ ਇਸ ਸੱਚ ਪ੍ਰਤੀ ਸੁਚੇਤ ਕਰਵਾ ਕੇ ਉਨ੍ਹਾਂ ਦੇ ਹੱਕਾਂ ਦੀ ਗੱਲ਼ ਆਪਣੀ ਬਾਣੀ ਵਿੱਚ ਕੀਤੀ ਹੈ। ਭਗਤ ਕਬੀਰ ਜੀ ਦੇ ਸਮਕਾਲੀ ਰਾਜ ਪ੍ਰਬੰਧ ਦੇ ਸੰਦਰਭ ਵਿੱਚ ਵੀ ਪ੍ਰਸੰਗਿਕਤਾ ਬਣਦੀ ਹੈ। ਅੱਜ ਦੀ ਰਾਜਨੀਤੀ ਬੜੇ ਸਾਜਿਸ਼ਮਈ ਢੰਗ ਨਾਲ ਮੱਧਕਾਲੀ ਸਮੇਂ ਵਾਂਗ ਅੱਜ ਦੇ ਲੋਕਾਂ ਨੂੰ ਮੂਰਖ ਬਣਾ ਰਹੀ ਹੈ। ਬੇਸ਼ੱਕ ਆਧੁਨਿਕ ਕਾਲ ਤਕਨਾਲੋਜੀ ਤੇ ਵਿਗਿਆਨ ਦਾ ਯੁੱਗ ਹੈ, ਪਰ ਮਨੁੱਖੀ ਫ਼ਿਤਰਤ ਨੂੰ ਅੱਜ ਦੀ ਰਾਜਨੀਤੀ ਨੇ ਝਮੇਲਿਆਂ ਵਿੱਚ ਉਲ੍ਹਝਾ ਕੇ ਰੱਖ ਦਿੱਤਾ ਹੈ। ਰਾਜਨੀਤਿਕ ਅਨਸਰ ਧਰਮ ਦੀ ਆੜ ਵਿੱਚ ਲੋਕਾਂ ਨੂੰ ਗਲਤ ਢੰਗ ਨਾਲ ਆਪਸ ਵਿੱਚ ਦੁਸ਼ਮਣ ਬਣਾ ਕੇ ਆਪਣੀ ਰਾਜਨੀਤਿਕ ਸਾਜਿਸ਼ ਨੂੰ ਅੰਜਾਮ ਦੇ ਰਹੇ ਹਨ। ਜਿਸ ਦੇ ਭਿਆਨਕ ਸਿੱਟੇ ਆਮ ਜਨਤਾ ਨੂੰ ਹਰ ਰੋਜ਼ ਹੀ ਭੁਗਤਣੇ ਪੈਂਦੇ ਹਨ। ਬੇਸ਼ੱਕ ਅੱਜ ਦੇ ਯੁੱਗ ਨੂੰ ਵਿਗਿਆਨਕ ਯੁੱਗ ਕਿਹਾ ਦਿੱਤਾ ਜਾਂਦਾ ਹੈ ਪਰ ਹਾਲਾਤ ਦਿਨ-ਬ-ਦਿਨ ਮੱਧਕਾਲ ਤੋਂ ਵੀ ਬੱਦਤਰ ਹੋ ਰਹੇ ਹਨ ਤੇ ਉਸ ਸਮੇਂ ਰਾਜੇ-ਮਹਾਰਾਜੇ ਆਮ ਜਨਤਾਂ ਨੂੰ ਜਗੀਰਾਂ ਦੇ ਕੇ ਆਪਣੇ ਵੱਸ ਵਿੱਚ ਕਰਕੇ

ਆਪਣਾ ਲਾਹਾ ਲੈਂਦੇ ਸਨ। ਜੇ ਕੋਈ ਬਾਗੀ ਹੁੰਦਾ ਤਾਂ ਉਸਨੂੰ ਮਰਵਾ ਦਿੱਤਾ ਜਾਂਦਾ ਸੀ। ਅੱਜ ਵੀ ਓਹੀ ਹਾਲ ਹੈ। ਚੋਣਾਂ ਦੌਰਾਨ ਇਹੋ ਕੁਝ ਵੇਖਣ ਨੂੰ ਮਿਲਦਾ ਹੈ। ਵੋਟਾਂ ਦੀ ਪ੍ਰਾਪਤੀ ਲਈ ਰਾਜਨੇਤਾ ਧਰਮ ਦਾ ਸਹਾਰਾ ਲੈ ਕੇ ਚੋਣਾਂ ਵਿਚ ਜਿੱਤਾ ਪ੍ਰਾਪਤ ਕਰਦੇ ਹਨ। ਦੇਸ਼ ਦਾ ਮਾਹੌਲ ਧਾਰਮਿਕ ਦੰਗੇ ਕਰਵਾ ਕੇ ਖਰਾਬ ਕੀਤਾ ਜਾਂਦਾ ਹੈ। ਬਹੁਤ ਸਾਰੀਆਂ ਇਹੋ-ਜਿਹੀਆਂ ਉਦਾਹਰਨਾਂ ਹਨ, ਜਿਨ੍ਹਾਂ ਵਿੱਚ ਰਾਜਨੀਤਕ ਅਨਸਰ ਧਰਮ ਦੇ ਨਾਂ ਤੇ ਫਿਰਕੂ ਦੰਗੇ ਕਰਵਾ ਕੇ ਸੱਤਾ ਹਥਿਆ ਲੈਂਦੇ ਹਨ। ਫਿਰਕੂ ਦੰਗੇ ਕਦੇ ਵੀ ਧਾਰਮਿਕ ਨਹੀਂ ਹੁੰਦੇ ਸਗੋਂ ਇਹ ਹਮੇਸ਼ਾ ਤੋਂ ਹੀ ਰਾਜਨੀਤੀ ਦਾ ਹਿੱਸਾ ਰਹੇ ਹਨ।

ਜਿਹੜੇ ਸੱਤਾ ਪ੍ਰਾਪਤੀ ਦੇ ਲਾਲਚ ਵਿਚ ਲੋਕਾਂ ਉੱਤੇ ਹਕੂਮਤ ਐਸ਼ੋ-ਅਰਾਮ ਵਾਲਾ ਜੀਵਨ ਬਤੀਤ ਕਰ ਲਈ ਮਨੁੱਖੀ ਸਾਧਨਾਂ ਦੀ ਵਰਤੋਂ ਕਰਦੇ ਹਨ। ਭਗਤ ਕਬੀਰ ਜੀ ਉਨ੍ਹਾਂ ਸਾਧਨਾਂ ਦਾ ਪਰਦਾਫਾਸ਼ ਕਰਦੇ ਹਨ ਜਿਨ੍ਹਾਂ ਦੀ ਵਰਤੋਂ ਕਰਕੇ ਰਾਜ-ਨੇਤਾ ਲੋਕਾਂ ਨੂੰ ਆਪਣੀ ਗ੍ਰਿਫ਼ਤ ਵਿੱਚ ਰੱਖਦੇ ਹਨ। ਭਗਤ ਕਬੀਰ ਜੀ ਉਹਨਾਂ ਸਾਧਨਾਂ ਵਿਚ ਗਲਤਾਨ ਲੋਕਾਂ ਨੂੰ ਮਾਇਆਧਾਰੀ ਕਹਿੰਦੇ ਹਨ ਜਿਨ੍ਹਾਂ ਕਰਕੇ ਮਨੁੱਖਤਾ ਦਾ ਘਾਣ ਹੋ ਰਿਹਾ ਹੈ। ਭਗਤ ਕਬੀਰ ਜੀ ਮਾਇਆ ਦੇ ਭਰਮ ਵਿੱਚ ਲੋਕਾਂ ਦਾ ਘਾਣ ਕਰਨ ਵਾਲੀ ਰਾਜ-ਸੱਤਾ ਤੇ ਸਵਾਲ ਉਠਾਉਣ ਵਾਲਿਆਂ ਵਿਚੋਂ ਪ੍ਰਮੁੱਖ ਹਨ:

ਸਰਪਨੀ ਤੇ ਊਪਰਿ ਨਹੀ ਬਲੀਆ ॥

ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥

ਮਾਰੁ-ਮਾਰੁ ਸਰਪਨੀ ਨਿਰਮਲ ਜਲਿ ਪੈਠੀ ॥

ਜੋ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ ॥ ਰਹਾਉ ॥

ਭਗਤ ਕਬੀਰ ਜੀ ਨੇ ਆਪਣੀ ਬਾਣੀ ਰਾਹੀਂ ਰਾਜਨੀਤਕ ਦਸ਼ਾ ਨੂੰ ਚਿਤਰਿਤ ਕੀਤਾ ਹੈ। ਭਗਤ ਕਬੀਰ ਜੀ ਦਾ ਸਵਾਲ ਅੱਜ ਵੀ ਉਵੇਂ ਹੀ ਖੜਾ ਹੈ। ਉਹ ਸ਼ਾਸ਼ਨ ਪ੍ਰਬੰਧ ਅਤੇ ਭਾਈਚਾਰਕ ਪ੍ਰਬੰਧ ਦੀਆਂ ਖਾਮੀਆਂ ਦਾ ਗਿਆਤ ਕਰਵਾ ਰਹੇ ਹਨ। ਗਰੀਬਾਂ ਨੂੰ ਖਾਣ ਵਾਸਤੇ ਰੋਟੀ ਨਹੀਂ ਮਿਲਦੀ, ਰਹਿਣ ਨੂੰ ਮਕਾਨ ਨਹੀਂ ਹੈ। ਜਦੋਂ ਭਗਤ ਕਬੀਰ ਜੀ ਮਨੁੱਖ ਨੂੰ ਧਨ ਇਕੱਠਾ ਕਰਨ ਦੀ ਮਨਾਹੀ ਕਰਦੇ ਹਨ ਓਦੋਂ ਇਹ ਗੱਲ ਵੀ ਸਪੱਸ਼ਟ ਹੁੰਦੀ ਹੈ ਕਿ ਸ਼ਾਸਨ ਪ੍ਰਬੰਧ ਵਿੱਚ ਬਹੁਤ ਖਾਮੀਆਂ ਹਨ। ਜੇਕਰ ਰਾਜ ਪ੍ਰਬੰਧ ਸਹੀ ਤਰੀਕੇ ਨਾਲ ਚਲਾਇਆ ਜਾਵੇ, ਸਰਕਾਰ ਦੀਆਂ ਸਕੀਮਾਂ ਤੇ ਨੀਤੀਆਂ ਸਹੀ ਹੋਣ, ਤਾਂ ਹਰ ਇਕ ਮਨੁੱਖ ਨੂੰ ਪੜ੍ਹਾਈ ਤੇ ਚੰਗੀ ਪਰਵਰਿਸ਼ ਦੀਆਂ ਸਹੂਲਤਾਂ ਮਿਲ ਸਕਣ। ਮਨੁੱਖ ਦੇ ਰੁਜ਼ਗਾਰ ਦੀ ਗਾਰੰਟੀ ਹੋਵੇ ਤੇ ਮੁੱਢਲੀਆਂ ਸਹੂਲਤਾਂ ਦੀ ਪੂਰਤੀ ਹੋ ਸਕੇ ਤਾਂ ਹੀ ਮਨੁੱਖੀ ਜੀਵਨ ਵਿੱਚ ਮਾਇਆ ਮੱਲਣ

ਜਾਂ ਜਾਇਦਾਦ ਬਣਾਉਣ ਦਾ ਰਿਵਾਜ ਘਟ ਸਕੇਗਾ। ਇਸ ਨਾਲ ਧੋਖਾ, ਧੱਕਾ ਦੇ ਭ੍ਰਿਸ਼ਟਾਚਾਰ ਆਦਿ ਨੂੰ ਰੋਕਿਆ ਜਾ ਸਕੇਗਾ।

ਪਰ ਅੱਜ ਵੀ ਮਨੁੱਖ ਇਨ੍ਹਾਂ ਸਹੂਲਤਾਂ ਤੋਂ ਵਿਹੂਣਾ ਹੈ। ਇਨ੍ਹਾਂ ਸਭ ਘਾਟਾਂ ਤੇ ਅਪੂਰਤੀ ਦਾ ਇੱਕੋ-ਇਕ ਕਾਰਨ ਹੈ ਸਾਡੀਆਂ ਕਮਜ਼ੋਰ ਸਰਕਾਰੀ ਨੀਤੀਆਂ ਜੋ ਮਨੁੱਖੀ ਵਿਕਾਸ ਲਈ ਲਾਹੇਵੰਦ ਨਹੀਂ ਹਨ। ਭਗਤ ਕਬੀਰ ਜੀ ਸਾਡੀ ਨਜ਼ਰ ਇਸ ਗੱਲ ਵੱਲ ਲੈ ਜਾਣੀ ਚਾਹੁੰਦੇ ਹਨ ਕਿ ਇਹ ਲਾਲਸਾਵਾਂ ਦਾ ਕਾਰਨ ਸਾਡਾ ਖੋਖਲਾ ਰਾਜ ਪ੍ਰਬੰਧ ਹੈ। ਜੇਕਰ ਰਾਜ ਪ੍ਰਬੰਧ ਨੂੰ ਸਹੀ ਢੰਗ ਨਾਲ ਚਲਾਇਆ ਜਾਵੇ ਤਾਂ ਇਹ ਲਾਲਸਾਵਾਂ ਅਤੇ ਬੁਰਾਈਆਂ ਖਤਮ ਕੀਤੀਆਂ ਜਾ ਸਕਦੀਆਂ ਹਨ। ਭਗਤ ਕਬੀਰ ਜੀ ਨਿੱਜੀ ਲਾਹਾ ਲੈਣ ਵਾਲੇ ਰਾਜ ਪ੍ਰਬੰਧਕਾਂ ਨੂੰ ਇਸ ਪ੍ਰਤੀ ਸੁਚੇਤ ਕਰਦੇ ਹਨ ਕਿ ਮਾਇਆ ਮੋਹਣੀ ਹੈ ਅਤੇ ਇਸ ਨੂੰ ਇਕੱਠਾ ਕਰਨਾ ਸਭ ਵਿਅਰਥ ਹੈ

ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥

ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥[1]

ਰਾਜਨੀਤਕ ਲਾਹਾ ਲੈਣ ਲਈ ਅੱਜ ਦੇ ਸਮੇਂ ਵਿੱਚ ਰਾਜ ਨੇਤਾ ਆਮ ਲੋਕਾਈ ਦੀ ਭਲਾਈ ਨੂੰ ਅਹਿਮੀਅਤ ਦੇਣ ਦੀ ਬਜਾਏ ਮਨੁੱਖ ਅੰਦਰ ਧਾਰਮਿਕ ਗਿਰਾਵਟ ਲੈ ਕੇ ਆ ਰਹੇ ਹਨ। ਰਾਜ-ਨੇਤਾ ਆਪਣੇ ਫਾਇਦੇ ਦੀ ਖਾਤਰ ਸਭ ਤਰ੍ਹਾਂ ਦੇ ਗ਼ਲਤ ਢੰਗ-ਤਰੀਕੇ ਅਪਣਾਉਂਦੇ ਹਨ। ਧਰਮ ਨੂੰ ਵਰਤ ਕੇ ਇਸ ਦਾ ਸਦਉਪਯੋਗ ਨਹੀਂ ਕੀਤਾ ਜਾ ਰਿਹਾ ਸਗੋਂ ਰਾਜਨੀਤਿਕ ਪਾਰਟੀਆਂ ਧਰਮ ਦਾ ਗਲਤ ਇਸਤੇਮਾਲ ਕਰ ਰਹੀਆਂ ਹਨ। ਰਾਜਨੀਤੀ ਨੇ ਧਰਮ ਨੂੰ ਸੱਤਾ ਪ੍ਰਾਪਤੀ ਦਾ ਸਾਧਨ ਬਣਾ ਲਿਆ ਹੈ। ਮੱਧਕਾਲ ਸਮੇਂ ਰਾਜਸੀ ਤਾਕਤਾ ਕਾਜ਼ੀਆਂ, ਮੌਲਵੀਆਂ ਤੇ ਪੰਡਤਾਂ ਕੋਲ ਸਨ। ਉਹ ਜਿਵੇਂ ਚਾਹੁੰਦੇ ਸਨ, ਉਵੇਂ ਧਰਮ ਦੀ ਵਰਤੋਂ ਤੇ ਵਿਆਖਿਆ ਕਰਦੇ ਸਨ ਤੇ ਆਮ ਲੋਕ ਬੁੱਧੀਮਾਨ ਨਾ ਹੋਣ ਕਰਕੇ ਉਨ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਸਨ।

ਪਰ ਆਧੁਨਿਕ ਯੁੱਗ ਵਿੱਚ ਵੀ ਇਹ ਗੱਲ ਉਵੇਂ ਦੀ ਉਵੇਂ ਹੀ ਹੈ। ਧਾਰਮਿਕ ਆਗੂ ਅੱਜ ਵੀ ਆਮ ਲੋਕਾਈ ਦਾ ਹਸ਼ਰ ਉਸੇ ਤਰ੍ਹਾਂ ਹੀ ਕਰਵਾ ਰਹੇ ਹਨ। ਬੇਸ਼ੱਕ ਲੋਕਾਂ ਵਿੱਚ ਪੜ੍ਹਾਈ ਦਾ ਰੁਝਾਨ ਵਧਿਆ ਹੈ ਪਰ ਉਸ ਦੀ ਬੁੱਧੀ ਅੱਜ ਵੀ ਇਹਨਾਂ ਧਾਰਮਿਕ ਆਗੂਆਂ ਦੇ ਕਬਜ਼ੇ ਹੇਠ ਹੈ। ਧਾਰਮਿਕ ਆਗੂ ਰਾਜ-ਨੇਤਾਂਵਾਂ ਦੇ ਚੇਲੇ ਚਪਟੇ ਹਨ। ਇਨ੍ਹਾਂ ਨੂੰ ਧਾਰਮਿਕ ਆਗੂ ਵਾਲੀਆਂ ਗੱਦੀਆਂ ਇਨ੍ਹਾਂ ਦੀ ਕਾਬਲੀਅਤ ਅਨੁਸਾਰ ਨਹੀਂ ਬਲਕਿ ਰਾਜ-ਨੇਤਾਵਾਂ ਦੇ ਅਸ਼ੀਰਵਾਦ ਰਾਹੀਂ ਮਿਲਦੀਆਂ ਹਨ। ਧਾਰਮਿਕ ਆਗੂ ਰਾਜਨੀਤਕ ਸ਼ਿਕੰਜੇ ਦੇ ਔਜਾਰ ਵਜੋਂ ਇਸਤੇਮਾਲ ਹੋ ਰਹੇ ਹਨ।

ਧਾਰਮਿਕ ਆਗੂ ਲੋਕਾਂ ਨੂੰ ਸਹੀ ਰਾਹ ਤੇ ਪਾਉਣ ਵਾਲੇ ਹੁੰਦੇ ਹਨ ਪਰ ਮੱਧ ਕਾਲ ਤੋਂ ਲੈ ਕੇ ਅੱਜ ਵੀ ਇਹ ਸਥਿਤੀ ਬਣੀ ਹੋਈ ਹੈ ਕਿ ਧਾਰਮਿਕ ਆਗੂ ਸਹੀ ਰਾਹ ਪਾਉਣ ਦੀ ਥਾਂ ਮਨੁੱਖ ਨੂੰ ਕੁਰਾਹੇ ਪਾ ਰਹੇ ਹਨ ਕਿਉਂਕਿ ਇਨ੍ਹਾਂ ਧਾਰਮਿਕ ਆਗੂਆਂ ਦਾ ਰਾਜ ਨੇਤਾਵਾਂ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਜੁੜੇ ਹੋਣਾ ਹੈ।

ਭਗਤ ਕਬੀਰ ਜੀ ਚਿੰਤਨ ਸਮਕਾਲ ਵਿੱਚ ਵੀ ਉਨ੍ਹੇ ਹੀ ਪ੍ਰਭਾਵਸ਼ਾਲੀ ਹਨ, ਜਿੰਨਾ ਮੱਧ ਕਾਲ ਵਿਚ ਸਨ। ਭਗਤ ਕਬੀਰ ਜੀ ਨੇ ਧਰਮ ਤੇ ਰਾਜਨੀਤੀ ਦੇ ਸੰਬੰਧਾਂ ਨੂੰ ਸਿਰੇ ਤੋਂ ਨਕਾਰਿਆ ਹੈ। ਭਗਤ ਕਬੀਰ ਜੀ ਦੀ ਬਾਣੀ ਬਹੁਤੇ ਸੰਸਿਆਂ ਤੇ ਦਿਖਾਵੇ ਨੂੰ ਸਾਹਮਣੇ ਰੱਖ ਕੇ ਇਨ੍ਹਾਂ ਆਗੂਆਂ 'ਤੇ ਪ੍ਰਸ਼ਨ-ਚਿੰਨ੍ਹ ਲਾਉਂਦੀ ਹੈ। ਇੱਕ ਪਾਸੇ ਧਾਰਮਿਕ ਆਗੂ ਧਰਮ ਦੇ ਪ੍ਰਬੰਧਕ ਬਣੇ ਹੋਏ ਹਨ ਤੇ ਦੂਜੇ ਪਾਸੇ ਰਾਜਨੀਤਿਕ ਪਹਿਰਾਵੇ ਵੀ ਪਾਈ ਫਿਰਦੇ ਹਨ। ਜਿਹੜੇ ਆਗੂ ਆਪਣੇ ਫਾਇਦੇ ਲਈ ਵੱਡੇ ਤੋਂ ਵੱਡੇ ਤੇ ਜ਼ਾਲਮ ਰਾਜਸੀ ਨੇਤਾਵਾਂ ਨਾਲ ਰਿਸ਼ਤੇਦਾਰੀਆਂ ਪਾਲ੍ਹੀ ਬੈਠੇ ਹਨ। ਦੂਜੇ ਪਾਸੇ ਇਹ ਆਮ ਲੋਕਾਂ ਨੂੰ ਜੀਵਨ ਦਾ ਸਹੀ ਰਾਹ ਨਾ ਦੱਸ ਕੇ ਲੋਕਾਂ ਨੂੰ ਅਸਲੀ ਮਕਸਦ ਤੋਂ ਭਟਕਾਉਂਦੇ ਹਨ। ਧਾਰਮਿਕ ਆਗੂ ਆਪ ਹੀ ਭਟਕੇ ਹੋਏ ਹਨ ਤੇ ਉਹ ਆਮ ਲੋਕਾਈ ਨੂੰ ਸਹੀ ਰਸਤੇ ਨਹੀਂ ਪਾ ਸਕਦੇ ਜੋ ਪੂਰੀ ਤਰ੍ਹਾਂ ਰਾਜਨੀਤੀ ਦੀ ਗ੍ਰਿਫ਼ਤ ਵਿੱਚ ਹਨ। ਰਾਜਨੀਤੀ ਜਿਵੇਂ ਇੰਨ੍ਹਾ ਆਗੂਆਂ ਨੂੰ ਨਚਾਉਂਦੀ ਹੈ ਇਹ ਉਸੇ ਤਰ੍ਹਾਂ ਨੱਚਦੇ ਹਨ। ਰਾਜਨੀਤੀ ਪ੍ਰਬੰਧ ਰਾਹੀਂ ਧਰਮ ਨੂੰ ਚਲਾਇਆ ਜਾਣ ਕਰਕੇ ਰਾਜਨੀਤੀਵਾਨ ਧਰਮ ਦੇ ਨਾਮ ਉਤੇ ਲੋਕਾਂ ਨੂੰ ਆਪਸ ਵਿੱਚ ਵੰਡ ਕੇ ਲੋਕਾਈ ਵਿਚ ਵਿਤਕਰੇ ਕਰਕੇ ਹਰ ਰੋਜ਼ ਹੀ ਕਤਲੇਆਮ ਦੀ ਭੱਠੀ ਵਿੱਚ ਸੁੱਟਦੇ ਹਨ। ਭਗਤ ਕਬੀਰ ਜੀ ਲੋਕਾਈ ਨੂੰ ਆਪਣੀ ਬਾਣੀ ਰਾਹੀਂ ਅਸਲੀਅਤ ਨਾਲ ਜਾਣੂ ਕਰਵਾਉਂਦੇ ਹੋਏ ਮਨੁੱਖੀ ਵਿਤਕਰੇ ਤੇ ਭਿੰਨਤਾ 'ਤੇ ਕਟਾਖ਼ਸ਼ ਕਰਦੇ ਹਨ:

ਅਵਲਿ ਅਲਹੁ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥[2]

ਭਗਤ ਕਬੀਰ ਜੀ ਆਪਣੀ ਬਾਣੀ ਵਿੱਚ ਕਾਜ਼ੀਆਂ, ਪੰਡਤਾਂ ਤੇ ਹੋਰ ਧਾਰਮਿਕ ਆਗੂਆਂ ਨੂੰ ਸੰਬੋਧਨ ਕਰਕੇ ਰਿਸ਼ਵਤ, ਧਾਰਮਿਕ ਤੇ ਸਮਾਜਿਕ ਕੱਟੜਤਾ, ਫਿਰਕੂ ਸੋਚ, ਭ੍ਰਿਸ਼ਟਾਚਾਰ ਆਦਿ ਕਾਰਨ ਚੋਰ ਤੇ ਨਿਰਦਈ ਕਹਿੰਦੇ ਹਨ। ਜਿਸ ਦਾ ਕੋਈ ਲਾਭ ਨਹੀਂ ਹੈ। ਮੱਧ ਕਾਲ ਵਿਚ ਧਾਰਮਿਕ ਆਗੂ ਰਾਜ ਪ੍ਰਬੰਧ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਆਪ ਹੀ ਚਲਾਉਂਦੇ ਸਨ, ਆਪ ਹੀ ਉਨ੍ਹਾਂ ਦੀ ਵਿਆਖਿਆ ਕੀਤੀ ਹੈ। ਇਸੇ ਤਰ੍ਹਾਂ ਅੱਜ ਦੇ ਸਮੇਂ ਵਿੱਚ ਵੀ ਧਾਰਮਿਕ ਗ੍ਰੰਥਾਂ ਦੀ ਵਿਆਖਿਆ ਰਾਜਨੀਤੀ ਤੇ ਧਰਮ ਦੇ ਠੇਕੇਦਾਰਾਂ ਨੇ ਆਪਣੇ ਮਨੋਰਥ ਨੂੰ ਮੁੱਖ ਰੱਖ ਕੇ ਕੀਤੀ ਹੈ। ਉਹੀ ਸਾਜਿਸ਼ਾਂ ਅੱਜ ਵੀ ਰਾਜਨੀਤੀ ਵਿੱਚ ਕੀਤੀਆਂ ਜਾ ਰਹੀਆਂ ਹਨ। ਅੱਜ ਰਾਜਨੀਤੀ ਸਿੱਧੇ ਤੌਰ 'ਤੇ ਧਰਮ ਵਿੱਚ ਦਖਲ ਦੇ ਰਹੀ ਹੈ ਤੇ ਧਰਮ ਵੀ ਰਾਜਨੀਤੀ ਦੇ ਸਿਰ 'ਤੇ ਚੱਲ ਰਿਹਾ ਹੈ। ਜਿਹੜਾ ਕੋਈ ਧਾਰਮਿਕ ਆਗੂ ਰਾਜਨੀਤਕ ਅਨਸਰਾਂ ਜਾਂ ਅਸਲੀ ਰਾਜਨੀਤਿਕ ਸਾਜ਼ਿਸ਼ਾਂ ਵਿਰੁੱਧ ਬੋਲਦਾ ਹੈ, ਉਸ ਨੂੰ ਕੁਰਸੀ ਤੋਂ ਲਾਹ ਦਿੱਤਾ ਜਾਂਦਾ ਹੈ। ਇਸ ਸੰਬੰਧ ਵਿੱਚ ਭਗਤ ਕਬੀਰ ਜੀ ਲੋਕਾਈ ਨੂੰ ਸਝਾਉਂਦੇ ਹਨ ਕਿ ਧਰਮ ਦੇ ਠੇਕੇਦਾਰ ਤੇ ਰਾਜ ਨੇਤਾ ਇਕੱਠੇ ਹੋ ਕੇ ਭੋਲੀ ਜਨਤਾ ਦਾ ਘਾਣ ਕਰ ਰਹੇ ਹਨ। ਭਗਤ ਕਬੀਰ ਜੀ ਧਾਰਮਿਕ ਆਗੂਆਂ, ਪੰਡਤਾਂ ਤੇ ਮੌਲਵੀਆਂ ਨੂੰ ਸਮਝਾਉਂਦੇ ਹਨ ਕਿ ਜਿਹੜਾ ਰਾਹ ਤੁਸੀਂ ਆਪਣਾ ਰੱਖਿਆ ਹੈ, ਉਸ ਦਾ ਕੋਈ ਲਾਭ ਨਹੀਂ ਹੈ:

ਮੁੱਲਾ ਕਹਹੁ ਨਿਆਉ ਖੁਦਾਈ ।।

ਤੇਰੇ ਮਨ ਕਾ ਭਰਮੁ ਨ ਜਾਈ ।। ਰਹਾਉ ।।[3]

ਅੱਜ ਵੀ ਰਾਜਨੀਤੀ ਵਿੱਚ ਧਰਮ ਦਾ ਇਸਤੇਮਾਲ ਵੋਟਾਂ ਲਈ ਕੀਤਾ ਜਾਂਦਾ ਹੈ। ਵੋਟਾਂ ਦੌਰਾਨ ਵੱਖ ਵੱਖ ਸਿਆਸੀ ਪਾਰਟੀਆਂ ਧਰਮ ਦੇ ਨਾਮ ਤੇ ਲੋਕਾਂ ਨੂੰ ਗੁੰਮਰਾਹ ਕਰਦੀਆਂ ਹਨ। ਕਈ ਪਾਰਟੀਆਂ ਤਾਂ ਧਰਮ ਨਾਲ ਹੀ ਸੰਬੰਧਿਤ ਹਨ। ਉਨ੍ਹਾਂ ਦਾ ਮੁੱਖ ਏਜੰਡਾ ਹੀ ਧਰਮ ਨੂੰ ਰਾਜਨੀਤਿਕ ਲਾਭ ਲਈ ਹੀ ਵਰਤਣਾ ਹੈ। ਦਲਿਤ ਵਰਗ ਨੂੰ ਸਭ ਤੋਂ ਜ਼ਿਆਦਾ ਵੋਟਾਂ ਦੌਰਾਨ ਗੁੰਮਰਾਹ ਕੀਤਾ ਜਾਂਦਾ ਹੈ। ਇੰਨਾਂ ਗਰੀਬਾਂ ਨਾਲ ਉਨ੍ਹਾਂ ਦੀ ਗਰੀਬੀ ਹਟਾਉਣ ਲਈ ਉਨ੍ਹਾਂ ਨਾਲ ਝੂਠੇ ਵਾਅਦੇ ਕੀਤੇ ਜਾਂਦੇ ਹਨ। ਪਰ ਰਾਜਨੀਤਕਾਂ ਦੇ ਦਿਲਾਂ ਤੇ ਮਨਾਂ ਵਿਚ ਖੋਟ ਹੈ। ਭਗਤ ਕਬੀਰ ਜੀ ਇਹੋ ਜਿਹੇ ਮਨ ਤੇ ਖੋਟ ਭਰਪੂਰ ਇਨ੍ਹਾਂ ਨੇਤਾਵਾਂ ਦੀ ਹੀ ਪਹਿਚਾਣ ਕਰਵਾਉਂਦੇ ਹਨ। ਭਗਤ ਕਬੀਰ ਜੀ ਦੱਸਣਾ ਚਾਹੁੰਦੇ ਹਨ ਕਿ ਸੱਤਾ ਦੇ ਲਾਲਚੀ ਅਤੇ ਧਰਮ ਦੇ ਠੇਕੇਦਾਰ ਆਮ ਜਨਤਾ ਨੂੰ ਤਨ, ਮਨ ਤੇ ਧਨ ਤੋਂ ਠੱਗ ਰਹੇ ਹਨ।

ਧਰਮ ਅਤੇ ਰਾਜਨੀਤੀ ਦਾ ਅਸਲ ਕਾਰਨ ਆਮ ਲੋਕਾਂ ਨੂੰ ਬਿਨਾਂ ਵਿਤਕਰੇ ਤੋਂ ਆਪਸ ਵਿੱਚ ਜੋੜ ਕੇ ਰੱਖਣਾ ਹੁੰਦਾ ਹੈ। ਪਰ ਜਦ ਮਾੜੇ ਮਨਸੂਬਿਆਂ ਭਰਪੂਰ ਰਾਜਨੀਤੀ ਅਤੇ ਲੋਭੀ ਲਾਲਚੀ ਧਰਮ ਦੇ ਆਗੂ ਆਪਸ ਵਿੱਚ ਇਕੱਠੇ ਹੋ ਜਾਂਦੇ ਹਨ ਤਾਂ ਰਾਜਨੀਤੀ ਧਰਮ ਨੂੰ ਵਰਤੋਂ ਵਿੱਚ ਲਿਆਂਦੀ ਹੈ ਤਾਂ ਧਰਮ ਆਪਣੇ ਰਸਤੇ ਤੋਂ ਖੁੰਝ ਜਾਂਦਾ ਹੈ। ਫਿਰ ਰਾਜਨੀਤੀ ਅਤੇ ਧਰਮ ਜੋੜਨ ਦੀ ਥਾਂ ਤੋੜਨ ਵਲ ਵਧਦੇ ਹਨ ਜੋ ਅੱਜ ਕੱਲ੍ਹ ਵੀ ਹੋ ਰਿਹਾ ਹੈ। ਪਿਛਲੇ ਸਾਲਾਂ ਵਿੱਚ ਕਿੰਨੇ ਹੀ ਇਹੋ-ਜਿਹੇ ਫਿਰਕਾ ਪ੍ਰਸਤ ਦੰਗੇ ਹੋਏ ਹਨ। ਧਰਮ ਤੇ ਰਾਜਨੀਤੀ ਦੇ ਮੇਲ-ਜੋਲ ਨੇ ਫਿਰਕਾਪ੍ਰਸਤੀ ਨੂੰ ਵਧਾਇਆ ਹੈ ਫਿਰਕੂ ਦੰਗੇ ਕਰਵਾਏ ਹਨ।

ਕਦੋਂ ਤੱਕ ਇਹ ਫਿਰਕਾਪ੍ਰਸਤ ਲੋਕ ਆਪਣੇ ਕਾਰਜਾਂ ਵਿੱਚ ਸਫਲ ਹੁੰਦੇ ਰਹਿਣਗੇ? ਕਦੋਂ ਤੱਕ ਰਾਜਨੀਤੀ ਆਮ ਜਨਤਾ ਦਾ ਘਾਣ ਕਰਦੀ ਰਹੇਗੀ? ਭਗਤ ਕਬੀਰ ਜੀ ਦੀ ਬਾਣੀ ਇਸ ਮਸਲੇ 'ਤੇ ਮਹੱਤਵਪੂਰਨ ਤੌਰ 'ਤੇ ਮਨੁੱਖੀ ਵਿਵਹਾਰ ਨੂੰ ਇੱਕ ਮਾਰਗਦਰਸ਼ਨ ਕਰਦੀ ਨਜ਼ਰ ਆਉਂਦੀ ਹੈ।

ਭਗਤ ਕਬੀਰ ਜੀ ਇਨ੍ਹਾਂ ਸਭ ਸਵਾਲ ਜੋ ਰਜਨੀਤਿਕ ਅਨਸਰਾਂ ਨੇ ਆਮ ਜਨਤਾ ਦੇ ਅੰਦਰ ਮੜ੍ਹ ਦਿੱਤੇ ਹਨ, ਤੋਂ ਉਪਰ ਉਠ ਕੇ ਸੋਚਦੇ ਹਨ। ਭਗਤ ਕਬੀਰ ਜੀ ਨੇ ਅੱਲ੍ਹਾ, ਵਾਹਿਗੁਰੂ, ਗੌਡ ਨੂੰ ਮੰਦਰਾਂ ਮਸਜਿਦਾਂ ਤੇ ਗੁਰਦੁਆਰਿਆਂ ਵਿੱਚ ਲੱਭਣ ਲਈ ਅਵਿਸ਼ਵਾਸ ਜਤਾਇਆ ਹੈ ਤਿਉਂ ਮੁਸਲਮਾਨਾ ਅਤੇ ਹਿੰਦੂਆਂ ਦੇ ਪਰਮਾਤਮਾ ਨੂੰ ਪ੍ਰਾਪਤ ਕਰਨ ਵਾਲੇ ਤਰੀਕਿਆਂ ਤੇ ਕਰਮ-ਕਾਂਡਾਂ ਤੇ ਕਟਾਖਸ਼ ਕਰਦੇ ਹਨ ਤੇ ਪ੍ਰਮਾਤਮਾਂ ਨੂੰ ਆਪਣੇ ਅੰਦਰ ਲੱਭਣ ਦੀ ਚੇਸ਼ਟਾ ਕਰਨ ਦਾ ਉਪਦੇਸ਼ ਦਿੰਦੇ ਹਨ:-

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ।।

ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ।।[4]

ਭਗਤ ਕਬੀਰ ਜੀ ਰਾਮ ਅਤੇ ਰਹੀਮ ਵਿਚ ਕਿਸੇ ਪ੍ਰਕਾਰ ਦਾ ਭੇਦ-ਭਾਵ ਨਹੀਂ ਸਵੀਕਾਰਦੇ। ਸਗੋਂ ਪਿਆਰ ਨੂੰ ਰੱਬ ਦਾ ਰੂਪ ਮੰਨਦੇ ਹਨ ਪਿਆਰ ਨਾਲ ਹੀ ਮਨੁੱਖ ਰੱਬ ਦੀ ਪ੍ਰਾਪਤੀ ਕਰ ਸਕਦਾ ਹੈ। ਭਗਤ ਕਬੀਰ ਜੀ ਰਾਜਨੀਤਿਕ ਸ਼ਰਾਰਤਾਂ ਦੇ ਬਿਲਕੁਲ ਖਿਲਾਫ ਹਨ। ਭਗਤ ਕਬੀਰ ਜੀ ਇਸ ਮਸਲੇ ਉੱਤੇ ਗੰਭੀਰ ਵੀ ਹਨ ਤੇ ਕ੍ਰਾਂਤੀਕਾਰੀ ਵੀ ਹਨ। ਭਗਤ ਕਬੀਰ ਜੀ ਨੇ ਧਰਮ ਦੇ ਅਧਾਰ ਤੇ ਲੋਕਾਂ ਅੰਦਰ ਵਰਣ ਵੰਡ ਦਾ ਵਿਰੋਧ ਕੀਤਾ ਅਤੇ ਰਾਜਨੀਤੀ ਦੀ ਗੰਦੀ ਸੋਚ ਦਾ ਖੰਡਨ ਕਰਦੇ ਹੋਏ ਲੋਕਾਂ ਨੂੰ ਸਚਾਈ ਨਾਲ ਰੂਬ-ਰੂ ਕਰਵਾਇਆ ਹੈ।

ਭਗਤ ਕਬੀਰ ਜੀ ਨੇ ਮਨੁੱਖ ਨੂੰ ਪਿਆਰ ਦਾ ਸੁਨੇਹਾ ਦੇ ਕੇ ਰਾਜ ਨੇਤਾਵਾਂ ਦੀ ਸਾਜ਼ਿਸ਼ ਨੂੰ ਖਤਮ ਕਰਨ ਦਾ ਗਿਆਨਮਈ ਸੁਨੇਹਾ ਦਿੱਤਾ ਹੈਂ। ਧਰਮ ਵਿੱਚ ਪਿਆਰ ਭੁਲਾਕੇ ਪਾਖੰਡਵਾਦ ਤੇ ਕੱਟੜਤਾ ਨੂੰ ਖਤਮ ਕਰਨ ਤੇ ਜ਼ੋਰ ਦਿੱਤਾ ਹੈ। ਭਗਤ ਕਬੀਰ ਜੀ ਨੇ ਸੰਪ੍ਰਦਾਇਕ ਤਾਕਤਾਂ ਨੂੰ ਬੜ੍ਹਾਵਾ ਦੇਣ ਵਾਲੇ ਫਿਰਕਾਪ੍ਰਸਤੀ ਲੋਕਾਂ ਦਾ ਪਰਦਾਫਾਸ਼ ਕੀਤਾ ਹੈ। ਉਨ੍ਹਾਂ ਨੇ ਸਮਾਜ ਨੂੰ ਸਮਝਿਆ ਤੇ ਆਪਣੇ ਅਨੁਭਵ ਵਿੱਚੋਂ ਮਨੁੱਖੀ ਜਾਤੀ ਨੂੰ ਸੁਚੇਤ ਰਹਿਣ ਦਾ ਉਪਦੇਸ਼ ਦਿੱਤਾ ਹੈ।

ਭਗਤ ਕਬੀਰ ਜੀ ਦੀ ਬਾਣੀ ਵਿਭਿੰਨ ਪਾਸਾਰਾਂ ਦੀ ਸਮੁੱਚੀ ਵਿਚਾਰਧਾਰਾ ਉਪਰ ਵਿਚਾਰ ਕਰਨ ਉਪਰੰਤ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਭਗਤ ਕਬੀਰ ਜੀ ਦੀ ਬਾਣੀ ਸਮੁੱਚੀ ਭਗਤ ਬਾਣੀ ਪੈਰਾਡਾਇਮ ਨਿਸ਼ਚਿਤਕਰਨ ਵਾਲੀ ਹੈ। ਇਕ ਪਰਮਾਤਮਾ ਦਾ ਸੰਕਲਪ, ਅਵਤਾਰ ਦਾ ਖੰਡਣ, ਮੂਰਤੀ ਪੂਜਾ ਦੀ ਨਿਰਾਰਥਕਤਾ, ਮਨੁੱਖੀ ਬਰਾਬਰੀ ਅਤੇ ਪ੍ਰੇਮਾਭਗਤੀ ਨੂੰ ਭਗਤ ਕਬੀਰ ਜੀ ਨੇ ਵਾਰ-ਵਾਰ ਦੁਹਾਰਿਆ ਹੈ। ਭਗਤ ਕਬੀਰ ਬਾਣੀ ਨੇ ਕੁਲੀਨ ਵਰਗ ਦੇ ਵਿਰੋਧ ਵਿਚ ਜੋ ਤਿਖਾ ਸੁਰ ਉਚਾਰਿਆ ਹੈ, ਉਹ ਸੁਰ ਬੜਾ ਪ੍ਰਮਾਣਕ ਅਤੇ ਵਿਵੇਕਸ਼ੀਲ ਹੈ। ਮਾਨਵੀ ਹੋਂਦ ਦਾ ਸਤਿਕਾਰ ਕਰਨ ਵਾਲੀ ਇਹ ਬਾਣੀ ਸੰਪ੍ਰਦਾਇਕਤਾ ਅਤੇ ਕੱਟੜਤਾ ਨੂੰ ਬੜੀ ਤਿੱਖੀ ਸੁਰ ਵਿਚ ਰੱਦ ਕਰਦੀ ਹੈ। ਕਬੀਰ ਬਾਣੀ ਚਿੰਤਕਾਂ ਦੀ ਇਹ ਧਾਰਨਾ ਹੈ ਇਸ ਦਾ ਰੱਬੀ ਬੋਲ ਜਿੰਨਾ ਗਹਿਰਾ ਹੈ, ਉੱਨਾ ਹੀ ਇਸ ਬਾਣੀ ਦਾ ਮਨਫ਼ੀ ਧਿਰਾਂ ਵਿਰੁੱਧ ਰੋਸ ਵੀ ਤਿੱਖਾ ਹੈ। ਬ੍ਰਹਮਣ/ਮੁੱਲਾ ਅਤੇ ਕਾਜੀ ਨੂੰ ਧਰਮ ਵਿਰੋਧੀ ਕਹਿੰਦਿਆ ਇਨ੍ਹਾਂ ਦੀਆਂ ਆਸ਼ਾ ਨੂੰ ਰੱਦ ਕੀਤਾ ਹੈ। ਮੱਧਕਾਲੀ ਭਾਰਤੀ ਧਰਮ-ਚਿੰਤਨ ਵਿਚ ਜਿਹੜੀ ਕੁਲੀਨ ਵਿਰੋਧੀ ਅਵਾਜ਼ ਪ੍ਰਗਟ ਹੋਈ, ਉਸ ਅਵਾਜ਼ ਦਾ ਤਿੱਖਾ ਕਟਾਖ਼ਸ ਭਗਤ ਕਬੀਰ ਬਾਣੀ ਵਿਚ ਮਿਲਦਾ ਹੈ।

ਭਗਤੀ ਲਹਿਰ ਨੇ ਜਿਹੜਾ ਰੱਬੀ ਸੰਸਾਰ ਸਿਰਜਿਆ, ਉਸ ਸੰਸਾਰ ਵਿਚ ਸੰਪਰਦਾਇਕਤਾ, ਜਾਤ, ਪਾਤ, ਸ੍ਰੈਣਿਕ ਸਮਾਜ, ਅਵਤਾਰਵਾਦ ਅਤੇ ਵਿਸ਼ੇਸ਼ ਰੂਪ ਵਿਚ ਕਰਮਕਾਂਡ ਦੀ ਕੋਈ ਥਾਂ ਨਹੀਂ ਸੀ। ਇਹ ਉਹ ਰੱਬੀ ਸੰਸਾਰ ਸੀ। ਜਿਸ ਦੇ ਆਰ-ਪਾਰ ਮਾਨਵਤਾ ਦੇ ਦੀਦਾਰ ਹੋ ਰਹੇ ਸਨ, ਧਰਤੀ ਧਰਮਸ਼ਾਲ ਬਣ ਰਹੀ ਸੀ ਅਤੇ ਨੈਤਿਕ ਜੀਵਨ ਮੁੱਲਾਂ ਨੂੰ ਜੀਵਨ ਦ੍ਰਿਸ਼ਟੀ ਬਣਾਇਆ ਜਾ ਰਿਹਾ ਸੀ। ਇਸ ਦੈਵੀ ਸੰਸਾਰ ਵਿਚੋਂ ਧਰਮ ਦੇ ਅਰਥ ਕਰਮ ਲੱਭੇ ਜਾ ਰਹੇ ਸਨ। ਕੁਲੀਨ ਵਰਗ ਦੇ ਵਿਰੋਧ ਵਿਚ ਲੋਕ ਵਰਗ ਨੂੰ ਉਭਾਰ ਮਿਲ ਰਿਹਾ ਸੀ। ਚਿੰਤਾ ਨੂੰ ਚਿੰਤਨ ਰਾਹੀਂ ਸੁਲਝਾਉਣ

ਦੀ ਚੇਤਨਾ ਪੈਦਾ ਹੋ ਰਹੀ ਸੀ। ਆਪਣੇ ਤੋਂ ਪੂਰਵਕਾਲੀ ਪਰੰਪਰਾਵਾਂ ਨਾਲ ਸੰਵਾਦ ਰਚਾ ਕੇ ਜੋ ਕੁਝ ਅਰਥਹੀਣ ਸੀ, ਉਸ ਨੂੰ ਰੱਦ ਕਰਕੇ ਇਕ ਨਵਾਂ ਸੰਸਾਰ ਉਸਾਰਿਆ ਸੀ।

ਭਗਤ ਕਬੀਰ ਜੀ ਇਸ ਯੁੱਗ ਦੇ ਕ੍ਰਾਂਤੀਕਾਰੀ ਦਾਰਸ਼ਨਿਕ ਚਿੰਤਨ ਹਨ, ਜੋ ਮੌਲਿਕ ਅਨੁਭਵ ਦੇ ਸੱਚ ਨੂੰ ਉਪਰੋਕਤ ਸੰਦਰਭ ਵਿਚੋਂ ਕੇਵਲ ਉਘਾੜਦੇ ਹੀ ਨਹੀਂ, ਬਲਕਿ ਜੀਵਨ-ਜਾਂਚ ਦਾ ਇਕ ਨਵਾਂ ਰੂਪ ਸਿਰਜ ਕੇ ਦੱਬੀ-ਕੁਚਲੀ ਜਨਤਾ ਦੇ ਮਨ ਵਿਚ ਵਿਦਰੋਹ ਪੈਦਾ ਕਰਨ ਦਾ ਮਾਹੌਲ ਸਿਰਜਦੇ ਹਨ। ਭਗਤ ਕਬੀਰ ਆਪਣੇ ਸਮੇਂ ਦੇ ਸਿਰਮੌਰ ਬਾਣੀਕਾਰ ਹਨ। ਆਪਣੀ ਜੀਵਨ ਦ੍ਰਿਸ਼ਟੀ ਅਤੇ ਰਚਨਾ ਦ੍ਰਿਸ਼ਟੀ ਦੀ ਸਾਂਝ ਕਰਕੇ ਉਹ ਅਜਿਹਾ ਪ੍ਰਵਚਨ ਸਿਰਜਦੇ ਹਨ, ਜੋ ਅੱਗੇ ਗੁਰਮਤਿ ਦੇ ਰੂਪ ਵਿਚ ਸਥਾਪਿਤ ਹੋਣ ਵਾਲੀ ਮੌਲਿਕ ਅਤੇ ਵਿਲੱਖਣ ਚਿੰਤਨ-ਪ੍ਰਣਾਲੀ ਦਾ ਅਗਾਜ਼ ਬਣਦਾ ਹੈ।

ਭਗਤ ਕਬੀਰ ਜੀ ਮਨੁੱਖੀ ਸਰੀਰ ਦੀ ਹੋਂਦਸ਼ੀਲਤਾ ਨਾਲ ਜੁੜੀਆਂ ਭਰਮਮੂਲਕ ਅਤੇ ਕਰਮ-ਕਾਂਡੀ ਪ੍ਰਵਿਰਤੀਆਂ ਦੇ ਸੰਦਰਭਾਂ ਰਾਹੀਂ, ਮਨੁੱਖੀ ਜਨਮ ਦੇ ਮਾਨਵਵਾਦੀ, ਧਾਰਮਿਕ, ਦਾਰਸ਼ਨਿਕ, ਸਮਾਜਕ, ਸੱਭਿਆਚਾਰ ਸਰੋਕਾਰਾਂ ਨੂੰ ਉਭਾਰਿਆ ਹੈ। ਇਕ ਪਾਸੇ ਉਹ ਪੁਰਾਤਨਤਾ ਦੀਆਂ ਰੂੜ੍ਹ ਪਰੰਪਰਾਵਾਂ ਅਤੇ ਮਾਨਤਾਵਾਂ ਦਾ ਨਿਖੇਧ ਕਰਦੇ ਹਨ ਅਤੇ ਦੂਜੇ ਪਾਸੇ ਉਨ੍ਹਾਂ ਵਿਚਲੇ ਨਰੋਏ ਤੱਤਾਂ ਦਾ ਭਾਵੀਕਰਣ ਕਰਕੇ ਯੁੱਗ ਦੇ ਬੋਧ ਅਤੇ ਲੋੜ ਅਨੁਸਾਰ ਨਵਾਂ ਰੂਪ ਦਿੰਦੇ ਹਨ।

ਸੰਖੇਪ ਵਿਚ ਕਬੀਰ ਜੀ ਨੇ ਉਸ ਵਕਤ ਦੀ ਜਨਤਾ ਦੀ ਨਬਜ਼ ਨੂੰ ਵੇਖਿਆ ਕਿ ਧਰਮਾਚਾਰ ਅਤੇ ਕਰਮ-ਕਾਂਡ ਸਧਾਰਨ ਜਨਤਾ ਨੂੰ ਕਿਨੇ ਬਹਿਕਾਵੇ ਦੇ ਕੇ ਅਸਲੀ ਮਾਰਗ ਤੋਂ ਖੁੰਝਾ ਕੇ ਆਪਣੇ ਕੰਮ ਸਵਾਰਨ ਦੇ ਕੁਚੱਕਰ ਵਿਚ ਲੱਗੇ ਹਨ। ਕਬੀਰ ਜੀ ਨੇ ਜਨਤਾ ਨੂੰ ਇਸ ਅਧਿਆਤਮਕ ਸੰਕਟ ਤੋਂ ਮੁਕਤ ਕਰਨ ਲਈ ਦੋ ਰਾਹ ਆਪਨਾਏ ਪਹਿਲਾ ਪਾਖੰਡੀਆਂ ਅਤੇ ਕਰਾਹੇ ਪਏ ਧਰਮ ਆਗੂਆਂ ਦਾ ਪਰਦਾਫ਼ਾਸ਼ ਕੀਤਾ ਅਤੇ ਤਰਕ ਨਾਲ ਉਨ੍ਹਾਂ ਦੀਆਂ ਵਿਧੀਆਂ ਦਾ ਖੰਡਣ ਕੀਤਾ ਅਤੇ ਦੂਜਾ ਉਨ੍ਹਾਂ ਨੇ ਜਨਤਾ ਨੂੰ ਨਿਰਾਕਾਰ ਬ੍ਰਹਮ ਵਿਚ ਮਗਨ ਹੋ ਕੇ ਅਤੇ ਸੰਸਾਰਕਿਤਾ ਨਾਲੋਂ ਮੂੰਹ ਤੋੜ ਕੇ ਹਰਿਪ੍ਰਾਪਤੀ ਦੇ ਰਸਤੇ ਉਤੇ ਅੱਗੇ ਵਧਣ ਲਈ ਪ੍ਰੇਰਨਾ ਦਿੱਤੀ। ਧਾਰਮਿਕ ਉਥਾਨ ਰਾਹੀਂ ਸਮਾਜਕ ਕੀਮਤਾਂ ਨੂੰ ਨਵੇਂ ਢੰਗ ਨਾਲ ਪ੍ਰਚੱਲਿਤ ਕਰਨ ਲਈ ਲੋਕਾਂ ਦੇ ਮਨਾਂ ਵਿਚ ਉਤਸ਼ਾਹ ਭਰਿਆ। ਸਭਿਆਚਾਰ ਦੇ ਗਲ ਸੜ ਚੁੱਕੇ ਅੰਸ਼ਾਂ ਨੂੰ ਖਤਮ ਕਰਕੇ ਨਵੇਂ, ਨਰੋਏ ਕਲਿਆਣਕਾਰੀ ਮੁੱਲਾਂ ਦੀ ਸਥਾਪਨਾ ਕੀਤੀ।

ਇਸ ਪ੍ਰਕਾਰ ਉਹ ਸਭ ਤੱਥਾਂ ਨੂੰ ਵਾਚਦੇ ਹੋਏ ਇਹ ਸਪਸ਼ਟ ਹੈ ਕਿ ਭਗਤ ਕਬੀਰ ਜੀ ਦੀ ਰਚਨਾ ਅੱਜ ਵੀ ਸਾਰਥਕ ਹੈ ਤੇ ਹਮੇਸ਼ਾ ਰਹੇਗੀ। ਭਗਤ ਕਬੀਰ ਜੀ ਦੀ ਬਾਣੀ ਨੇ ਸਮਕਾਲੀ ਸਮੇਂ ਵਿੱਚ ਸਮਾਜਿਕ-ਧਾਰਮਿਕ ਅਤੇ ਰਾਜਨੀਤਕ ਪ੍ਰਸਥਿਤੀਆਂ ਦੀ ਰੂਪ ਰੇਖਾ ਨੂੰ ਉਲੀਕਦੇ ਹੋਏ ਇਸ ਅੰਦਰ ਜਾਤੀਵਾਦ, ਧਰਮਵਾਦ, ਊਚ ਨੀਚ ਫਿਰਕਾਪ੍ਰਸਤੀ ਆਦਿ ਮਾੜ੍ਹੇ ਮਨਸੂਬਿਆਂ ਬਾਰੇ ਮਨੁੱਖ ਨੂੰ ਸੁਚੇਤ ਕੀਤਾ ਤੇ ਇਸਬਚੋਂ ਕੇ ਰਹਿਣ ਦੀ ਗੱਲ ਕੀਤੀ ਹੈ। ਇਸ ਤਰ੍ਹਾਂ ਭਗਤ ਕਬੀਰ ਜੀ ਦੀ ਬਾਣੀ ਸਮਕਾਲੀ ਪ੍ਰਸਥਿਤੀਆਂ ਵਿੱਚ ਪੂਰੀ ਪ੍ਰਸੰਗਕਿਤਾ ਰੱਖਦੀ ਹੈ:

ਹਵਾਲੇ ਅਤੇ ਟਿੱਪਣੀਆਂ

[1] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1364

[2] ਪ੍ਰਭਾਤੀ ਰਾਗ ਭਗਤ ਕਬੀਰ ਜੀ, ਪੰਨਾ 1349

[3] ਪ੍ਰਭਾਤੀ ਰਾਗ, ਭਗਤ ਕਬੀਰ ਜੀ, ਪੰਨਾ 1350

[4] ਸਲੋਕ ਭਗਤ ਕਬੀਰ ਜੀ, 1364